## ਭਗਤ ਨਾਮਦੇਵ - ਸਬਦ ੪੭

### ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥

### ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੫

ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥
ਦੇਖਉ ਰਾਮ ਤੁਮ੍ਹਾਰੇ ਕਾਮਾ ॥੧॥
ਨਾਮਾ ਸੁਲਤਾਨੇ ਬਾਧਿਲਾ ॥
ਦੇਖਉ ਤੇਰਾ ਹਰਿ ਬੀਠੁਲਾ ॥੧॥ ਰਹਾਉ ॥
ਬਿਸਮਿਲਿ ਗਊ ਦੇਹੁ ਜੀਵਾਇ ॥
ਨਾਤਰੁ ਗਰਦਨਿ ਮਾਰਉ ਠਾਂਇ ॥੨॥
ਬਾਦਿਸਾਹ ਐਸੀ ਕਿਉ ਹੋਇ ॥
ਬਿਸਮਿਲਿ ਕੀਆ ਨ ਜੀਵੈ ਕੋਇ ॥੩॥
ਮੇਰਾ ਕੀਆ ਕਛੂ ਨ ਹੋਇ ॥
ਕਰਿ ਹੈ ਰਾਮੁ ਹੋਇ ਹੈ ਸੋਇ ॥੪॥
ਬਾਦਿਸਾਹੁ ਚੜ੍ਹਿਓ ਅਹੰਕਾਰਿ ॥
ਗਜ ਹਸਤੀ ਦੀਨੋ ਚਮਕਾਰਿ ॥੫॥
ਰੁਦਨੁ ਕਰੈ ਨਾਮੇ ਕੀ ਮਾਇ ॥
ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥੬॥
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥
ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭॥
ਕਰੈ ਗਜਿੰਦੁ ਸੁੰਡ ਕੀ ਚੋਟ ॥
ਨਾਮਾ ਉਬਰੈ ਹਰਿ ਕੀ ਓਟ ॥੮॥
ਕਾਜੀ ਮੁਲਾਂ ਕਰਹਿ ਸਲਾਮੁ ॥
ਇਨਿ ਹਿੰਦੂ ਮੇਰਾ ਮਲਿਆ ਮਾਨੁ ॥੯॥
ਬਾਦਿਸਾਹ ਬੇਨਤੀ ਸੁਨੇਹੁ ॥

ਨਾਮੇ ਸਰ ਭਰਿ ਸੋਨਾ ਲੇਹੁ ॥੧੦॥
ਮਾਲੁ ਲੇਉ ਤਉ ਦੋਜਕਿ ਪਰਉ ॥
ਦੀਨੁ ਛੋਡਿ ਦੁਨੀਆ ਕਉ ਭਰਉ ॥੧੧॥
ਪਾਵਹੁ ਬੇੜੀ ਹਾਥਹੁ ਤਾਲ ॥
ਨਾਮਾ ਗਾਵੈ ਗੁਨ ਗੋਪਾਲ ॥੧੨॥
ਗੰਗ ਜਮੁਨ ਜਉ ਉਲਟੀ ਬਹੈ ॥
ਤਉ ਨਾਮਾ ਹਰਿ ਕਰਤਾ ਰਹੈ ॥੧੩॥
ਸਾਤ ਘੜੀ ਜਬ ਬੀਤੀ ਸੁਣੀ ॥
ਅਜਹੁ ਨ ਆਇਓ ਤ੍ਰਿਭਵਣ ਧਣੀ ॥੧੪॥
ਪਾਖੰਤਣ ਬਾਜ ਬਜਾਇਲਾ ॥
ਗਰੁੜ ਚੜ੍ਹੇ ਗੋਬਿੰਦ ਆਇਲਾ ॥੧੫॥
ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥
ਗਰੁੜ ਚੜ੍ਹੇ ਆਏ ਗੋਪਾਲ ॥੧੬॥
ਕਹਹਿ ਤ ਧਰਣਿ ਇਕੋਡੀ ਕਰਉ ॥
ਕਹਹਿ ਤ ਲੇ ਕਰਿ ਊਪਰਿ ਧਰਉ ॥੧੭॥
ਕਹਹਿ ਤ ਮੁਈ ਗਊ ਦੇਉ ਜੀਆਇ ॥
ਸਭੁ ਕੋਈ ਦੇਖੈ ਪਤੀਆਇ ॥੧੮॥
ਨਾਮਾ ਪ੍ਰਣਵੈ ਸੇਲ ਮਸੇਲ ॥
ਗਊ ਦੁਹਾਈ ਬਛਰਾ ਮੇਲਿ ॥੧੯॥
ਦੂਧਹਿ ਦੁਹਿ ਜਬ ਮਟੁਕੀ ਭਰੀ ॥
ਲੇ ਬਾਦਿਸਾਹ ਕੇ ਆਗੇ ਧਰੀ ॥੨੦॥
ਬਾਦਿਸਾਹੁ ਮਹਲ ਮਹਿ ਜਾਇ ॥
ਅਉਘਟ ਕੀ ਘਟ ਲਾਗੀ ਆਇ ॥੨੧॥
ਕਾਜੀ ਮੁਲਾਂ ਬਿਨਤੀ ਫੁਰਮਾਇ ॥
ਬਖਸੀ ਹਿੰਦੂ ਮੈ ਤੇਰੀ ਗਾਇ ॥੨੨॥

ਨਾਮਾ ਕਹੈ ਸੁਨਹੁ ਬਾਦਿਸਾਹ ॥

ਇਹੁ ਕਿਛੁ ਪਤੀਆ ਮੁਝੈ ਦਿਖਾਇ ॥੨੩॥

ਇਸ ਪਤੀਆ ਕਾ ਇਹੈ ਪਰਵਾਨੁ ॥

ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥

ਨਾਮਦੇਉ ਸਭ ਰਹਿਆ ਸਮਾਇ ॥

ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥੨੫॥

ਜਉ ਅਬ ਕੀ ਬਾਰ ਨ ਜੀਵੈ ਗਾਇ ॥

ਤ ਨਾਮਦੇਵ ਕਾ ਪਤੀਆ ਜਾਇ ॥੨੬॥

ਨਾਮੇ ਕੀ ਕੀਰਤਿ ਰਹੀ ਸੰਸਾਰਿ ॥

ਭਗਤ ਜਨਾਂ ਲੇ ਉਧਰਿਆ ਪਾਰਿ ॥੨੭॥

ਸਗਲ ਕਲੇਸ ਨਿੰਦਕ ਭਇਆ ਖੇਦੁ ॥

ਨਾਮੇ ਨਾਰਾਇਨ ਨਾਹੀ ਭੇਦੁ ॥੨੮॥੧॥੧੦॥

ਸਾਰ: ਹਉਮੈ ਦੀ ਦ੍ਰਿੜ ਸ਼ਕਤੀ ਅਤੇ ਜਨਮਜਾਤ ਸਹਿਜ ਬਿਬੇਕ ਦੀ ਸੂਖਮ ਤਾਕਤ ਵਿਚਕਾਰ ਇਕ ਸੰਬੰਧ ਕਾਇਮ ਹੁੰਦਾ ਹੈ ਜੋ ਸਾਡੇ ਅੰਤਰੀਵੀ ਜੀਵਨ ਨੂੰ ਅਕਾਰ ਦਿੰਦਾ ਹੈ। ਹਉਮੈ ਨਿਯੰਤਰਣ ਅਤੇ ਪ੍ਰਮਾਣਿਕਤਾ ਦੀ ਮੰਗ ਕਰਦੀ ਹੈ, ਅਕਸਰ ਸਹਿਜਤਾ ਦੁਆਰਾ ਪ੍ਰਗਟ ਕੀਤੀਆਂ ਗਈਆਂ ਗੂੜ੍ਹ ਸੱਚਾਈਆਂ ਨੂੰ ਕੱਜ ਲੈਂਦੀ ਹੈ। ਜਦੋਂ ਹਉਮੈ ਹਾਵੀ ਹੁੰਦੀ ਹੈ, ਤਾਂ ਸਾਡੇ ਦ੍ਰਿਸ਼ਟੀਕੋਣ ਤੰਗ ਹੋ ਜਾਂਦੇ ਹਨ, ਸਾਨੂੰ ਰੱਖਿਆਤਮਕ ਬਣਾਉਂਦੇ ਹਨ। ਭਾਵੇਂ, ਨਿਮਰਤਾ ਨੂੰ ਧਾਰਨ ਕਰ, ਅਸੀਂ ਬਹੁਮੁੱਲੀ ਸੂਝ ਦਾ ਦਰ ਖੋਲ੍ਹਦੇ ਹਾਂ ਜੋ ਹਉਮੈ ਨੂੰ ਕੋਮਲਤਾ ਵਿਚ ਬਦਲਦੀ ਹੈ, ਜਿਸ ਨਾਲ ਅਸਲੀਅਤ ਦੀ ਸੂਝ ਆਉਂਦੀ ਹੈ। ਇਹ ਰੁਪਾਂਤ੍ਰਣ ਆਤਮਵਿਸ਼ਵਾਸ ਨੂੰ ਸਵੈ-ਭਰੋਸੇ ਵਿਚ ਵਿਕਸਤ ਕਰਨ ਦੇ ਯੋਗ ਬਣਾਉਂਦਾ ਹੈ, ਜਿਸ ਨਾਲ ਇਹ ਕਮਜ਼ੋਰੀ ਨਾ ਹੋ ਕੇ ਅਸਲ ਤਾਕਤ ਬਣ ਜਾਂਦਾ ਹੈ। ਜਿਵੇਂ-ਜਿਵੇਂ ਸਾਡੇ ਮਨ ਦੇ ਤਾਕ ਖੁੱਲ੍ਹਦੇ ਜਾਂਦੇ ਹਨ, ਤਿਵੇਂ-ਤਿਵੇਂ ਸਾਡੇ ਫ਼ੈਸਲੇ ਇਮਾਨਦਾਰੀ ਕੇਂਦਰਿਤ ਹੋਈ ਜਾਂਦੀ ਹਨ, ਜੋ ਬਿਬੇਕ ਨੂੰ ਸਾਡੇ ਕਰਮਾਂ ਦੀ ਰਾਹਨੁਮਾਈ ਕਰਨ ਲਈ ਸੇਧਿਤ ਕਰਦੇ ਹਨ ਜਿਸ ਨਾਲ ਸੱਚ ਕੇਂਦਰਿਤ ਜੀਵਨ ਜਾਚ ਸਾਡਾ ਅਧਾਰ ਬਣ ਜਾਂਦੀ ਹੈ।

ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥

ਸੁਲਤਾਨ ਪੁੱਛਦਾ ਹੈ, ਹੇ ਨਾਮਦੇਵ, ਸੁਣੋ! ਇਹ ਭਾਵ ਹਉਮੈ ਦੀ ਉਸ ਦਾਅਵੇਦਾਰ ਸ਼ਕਤੀ ਨੂੰ ਦਰਸਾਉਂਦਾ ਹੈ, ਜੋ ਨਿਮਰ ਅਤੇ ਸਹਿਜ ਬਿਬੇਕ ਨੂੰ ਪ੍ਰਸ਼ਨ ਕਰਦੀ ਹੈ।

ਦੇਖਉ ਰਾਮ ਤੁਮ੍ਾਰੇ ਕਾਮਾ ॥੧॥

ਮੈਨੂੰ ਆਪਣੀ ਸਰਬ-ਵਿਆਪਕ ਚੇਤਨਾ ਦਾ ਪ੍ਰਭਾਵ ਵਿਖਾ। ਇਹ ਭਾਵ ਹਉਮੈ ਦੀ ਉਸ ਅਤ੍ਰਿਪਤ ਲਾਲਸਾ ਨੂੰ ਦਰਸਾਉਂਦਾ ਹੈ, ਜੋ ਸਦਾ ਪ੍ਰਮਾਣ ਦੀ ਮੰਗ ਕਰਦੀ ਹੈ ਅਤੇ ਸਰਬ-ਵਿਆਪਕ ਬਿਬੇਕ ਨੂੰ ਅੰਤਰੀਵੀ ਸੱਚ ਦੀ ਬਜਾਇ ਕੇਵਲ ਦਿਖਾਵੇ ਵਜੋਂ ਹੀ ਦੇਖਦੀ ਹੈ। (੧)

ਨਾਮਾ ਸੁਲਤਾਨੇ ਬਾਧਿਲਾ ॥

ਨਾਮਦੇਵ ਨੂੰ ਸੁਲਤਾਨ ਨੇ ਰੋਕ ਲਿਆ। ਇਹ ਭਾਵ ਉਸ ਅਵਸਥਾ ਨੂੰ ਦਰਸਾਉਂਦਾ ਹੈ, ਜਿਸ ਵਿਚ ਵਿਚਾਰਾਂ ਦੀ ਆਲੋਚਨਾਤਮਕ ਸਮਰੱਥਾ ਜੜ੍ਹ ਹੋ ਚੁੱਕੇ ਜਟਿਲ ਮਨ ਕਾਰਣ ਬੱਝਿਆ ਮਹਿਸੂਸ ਕਰਦੀ ਹੈ।

ਦੇਖਉ ਤੇਰਾ ਹਰਿ ਬੀਠੁਲਾ ॥੧॥ ਰਹਾਉ ॥

ਮੈਨੂੰ ਤੇਰੀ ਸਰਬ-ਵਿਆਪਕ ਸਤਾ ਦੀ ਪਰਖ ਕਰਨ ਦੇ। ਇਹ ਭਾਵ ਦਰਸਾਉਂਦਾ ਹੈ ਕਿ ਸਮਾਜਿਕ ਅਤੇ ਧਾਰਮਿਕ ਬੰਧਨ ਕਿਵੇਂ ਆਤਮ-ਚਿੰਤਨ ਅਤੇ ਆਲੋਚਨਾਤਮਕ ਸੋਚ ਨੂੰ ਨਿਰਬਲ ਕਰ ਦਿੰਦੇ ਹਨ। (੧)(ਠਹਿਰਾਉ)

ਬਿਸਮਿਲਿ ਗਊ ਦੇਹੁ ਜੀਵਾਇ ॥

ਮਰੀ ਹੋਈ ਗਾਂ ਨੂੰ ਮੁੜ ਜੀਉਂਦੀ ਕਰ ਵਿਖਾ। ਇਹ ਭਾਵ ਹਉਮੈ ਦੀ ਉਸ ਮਤਹੀਣ ਮੰਗ ਨੂੰ ਦਰਸਾਉਂਦਾ ਹੈ, ਜੋ ਕੁਦਰਤ ਦੇ ਸਰਬ-ਵਿਆਪਕ ਨਿਯਮਾਂ ਨੂੰ ਵੀ ਚੁਣੌਤੀ ਦੇਣ ਤੋਂ ਸੰਕੋਚ ਨਹੀਂ ਕਰਦੀ।

ਨਾਤਰੁ ਗਰਦਨਿ ਮਾਰਉ ਠਾਂਇ ॥੨॥

ਨਹੀਂ ਤਾਂ ਮੈਂ ਤੇਰਾ ਸਿਰ ਵੱਢ ਕੇ ਤੈਨੂੰ ਤੁਰੰਤ ਮਾਰ ਦਿਆਂਗਾ। ਇਹ ਭਾਵ ਦਰਸਾਉਂਦਾ ਹੈ ਕਿ ਹਉਮੈ ਸਤਾਹੀਣ ਹੋ ਜਾਣ ਕਾਰਣ ਡਰ ਪੈਦਾ ਕਰਦੀ ਹੈ, ਜਿਸ ਕਾਰਣ ਅੰਤਰ-ਆਤਮਾ ਉਪਰ ਅਨੈਤਿਕ ਸਮਝੌਤਾ ਕਰਨ ਲਈ ਦਬਾ ਪਾਇਆ ਜਾਂਦਾ ਹੈ। (੨)

ਬਾਦਿਸਾਹ ਐਸੀ ਕਿਉ ਹੋਇ ॥

ਨਾਮਦੇਵ ਉੱਤਰ ਦਿੰਦੇ ਹਨ, "ਹੇ ਰਾਜਨ, ਇਹ ਕਿਵੇਂ ਸੰਭਵ ਹੋ ਸਕਦਾ ਹੈ?" ਇਹ ਭਾਵ ਵਿਚਾਰਾਂ ਦੀ ਸਪਸ਼ਟਤਾ ਨੂੰ ਦਰਸਾਉਂਦਾ ਹੈ, ਜੋ ਹਉਮੈ ਨੂੰ ਰੱਦ ਕਰ ਕੁਦਰਤ ਦੇ ਸਹਿਜ ਨਿਯਮ ਨੂੰ ਸਵੀਕਾਰਦਾ ਹੈ।

ਬਿਸਮਿਲਿ ਕੀਆ ਨ ਜੀਵੈ ਕੋਇ ॥੩॥

ਜੋ ਮਰ ਚੁੱਕਿਆ ਹੈ, ਉਹ ਮੁੜ ਜੀਉਂਦਾ ਨਹੀਂ ਹੁੰਦਾ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਜਾਗਰੂਕ ਅੰਤਰ-ਆਤਮਾ ਵਿਕਾਰਾਂ ਦਾ ਪੂਰਨ ਨਾਸ ਕਰ ਦਿੰਦੀ ਹੈ, ਤਾਂ ਉਨ੍ਹਾਂ ਦਾ ਉਦਭਵ ਦੁਬਾਰਾ ਨਹੀਂ ਹੁੰਦਾ। (੩)

ਮੇਰਾ ਕੀਆ ਕਛੂ ਨ ਹੋਇ ॥

ਮੇਰੇ ਕਰਨ ਨਾਲ ਕੁਝ ਵੀ ਨਹੀਂ ਹੁੰਦਾ। ਇਹ ਭਾਵ ਨਿਮਰਤਾ ਨੂੰ ਦਰਸਾਉਂਦਾ ਹੈ, ਜੋ ਹਉਮੈ ਦੇ ਦਾਅਵਿਆਂ ਦਾ ਤਿਆਗ ਕਰਕੇ ਕੁਦਰਤ ਦੇ ਹੁਕਮ ਸਾਹਮਣੇ ਸਮਰਪਣ ਕਰ ਦਿੰਦੀ ਹੈ, ਇਹ ਸਮਝਦੀ ਹੋਈ ਕਿ ਨਿੱਜ ਦੀ ਸਰਬ-ਵਿਆਪਕਤਾ ਦੇ ਸਨਮੁਖ ਕੋਈ ਸਮਰੱਥਾ ਨਹੀਂ ਹੁੰਦੀ।

ਕਰਿ ਹੈ ਰਾਮੁ ਹੋਇ ਹੈ ਸੋਇ ॥੪॥

ਸਰਬ-ਵਿਆਪਕ ਸਤਾ ਨੂੰ ਜੋ ਮਨਜ਼ੂਰ ਹੁੰਦਾ ਹੈ, ਉਹੀ ਵਾਪਰਦਾ ਹੈ। ਇਹ ਭਾਵ ਸਮੁੱਚੀ ਸ਼ਕਤੀ ਦਾ ਕਾਰਣ ਉਸ ਸਰਬ-ਵਿਆਪਕ ਹੁਕਮ ਨੂੰ ਦਰਸਾਉਂਦਾ ਹੈ, ਜੋ ਨਿੱਜ ਇੱਛਾ ਤੋਂ ਪਾਰ ਸਰਬੱਤ ਦੇ ਭਲੇ ਲਈ ਆਪਣੇ ਆਪ ਨੂੰ ਪ੍ਰਗਟ ਕਰਦੀ ਹੈ। (੪)

ਬਾਦਿਸਾਹੁ ਚੜ੍ਹਿਓ ਅਹੰਕਾਰਿ ॥

ਰਾਜਾ ਅਹੰਕਾਰ ਨਾਲ ਕ੍ਰੋਧਿਤ ਹੋ ਗਿਆ। ਇਹ ਭਾਵ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਜ਼ਖ਼ਮੀ ਹਉਮੈ ਆਪਣੀ ਸਤਾ ਨੂੰ ਚੁਣੌਤੀ ਦਿੱਤੇ ਜਾਣ 'ਤੇ ਪ੍ਰਤੀਕਿਰਿਆ ਕਰਦੀ ਹੈ।

ਗਜ ਹਸਤੀ ਦੀਨੋ ਚਮਕਾਰਿ ॥੫॥

ਅਦਭੁਤ ਹਾਥੀ ਨੂੰ ਉਕਸਾਇਆ ਗਿਆ। ਇਹ ਭਾਵ ਦਰਸਾਉਂਦਾ ਹੈ ਕਿ ਹਉਮੈ ਦੁਆਰਾ ਸੰਚਾਲਿਤ ਡਰ ਕਿੰਨਾ ਡਾਡਾ ਹੁੰਦਾ ਹੈ, ਜੋ ਸਾਡੀ ਅੰਤਰੀਵੀ ਸ਼ਾਂਤੀ ਨੂੰ ਡੋਲਾ ਸਕਦਾ ਹੈ। (੫)

ਰੁਦਨੁ ਕਰੈ ਨਾਮੇ ਕੀ ਮਾਇ ॥

ਨਾਮਦੇਵ ਦੀ ਮਾਤਾ ਰੋਂਦੀ ਹੋਈ ਵਿਰਲਾਪ ਕਰਦੀ ਹੈ। ਇਹ ਭਾਵ ਉਸ ਅੰਤਰ-ਆਤਮਾ ਨੂੰ ਦਰਸਾਉਂਦਾ ਹੈ, ਜੋ ਡਰ, ਅਸਥਿਰਤਾ ਅਤੇ ਅਗਿਆਨਤਾ ਦੇ ਪ੍ਰਭਾਵ ਹੇਠ ਘਬਰਾ ਜਾਂਦੀ ਹੈ।

ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥੬॥

ਰਾਮ ਨੂੰ ਛੱਡ ਕੇ ਖੁਦਾ ਨੂੰ ਕਿਉਂ ਯਾਦ ਨਹੀਂ ਕਰਦਾ? ਇਹ ਭਾਵ ਉਸ ਸ਼ੰਕਾਵਾਦੀ ਮਨੋਬਿਰਤੀ ਨੂੰ ਦਰਸਾਉਂਦਾ ਹੈ, ਜੋ ਭਾਸ਼ਾ, ਵਿਸ਼ਵਾਸ, ਸਮੂਹ ਜਾਂ ਭੂਗੋਲ ਨਾਲ ਆਪਣੀ ਪਛਾਣ ਜੋੜ ਕੇ ਏਕਮਤਾ ਦੀ ਸੂਝ ਨੂੰ ਸੀਮਿਤ ਕਰ ਦਿੰਦੀ ਹੈ। (੬)

ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥

ਮੈਂ ਤੇਰਾ ਪੁੱਤਰ ਨਹੀਂ, ਅਤੇ ਤੂੰ ਮੇਰੀ ਮਾਤਾ ਨਹੀਂ। ਇਹ ਭਾਵ ਦਰਸਾਉਂਦਾ ਹੈ ਕਿ ਸਚਿਆਰਤਾ, ਡਰ, ਅਗਿਆਨਤਾ ਅਤੇ ਹਉਮੈ ਨਾਲ ਕੋਈ ਸੰਬੰਧ ਨਹੀਂ ਰੱਖਦੀ; ਸੱਚ ਦੇ ਰਾਹ ਵਿਚ ਰੁਕਾਵਟ ਬਣਨ ਵਾਲੇ ਮੋਹ ਤੋਂ ਮੁਕਤ ਹੋਣਾ ਹੀ ਇਸ ਦਾ ਤੱਤਸਾਰ ਹੈ।

ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭॥

ਭਾਵੇਂ ਮੇਰੀ ਦੇਹ ਡਗਮਗਾ ਜਾਵੇ, ਫਿਰ ਵੀ ਮੈਂ ਵਿਸ਼ਵ-ਵਿਆਪੀ ਸਤਾ ਦੀ ਏਕਮਤਾ ਨੂੰ ਮੂਰਤੀਮਾਨ ਕਰਾਂਗਾ। ਇਹ ਭਾਵ ਉਸ ਦ੍ਰਿੜ੍ਹ ਨਿਸ਼ਚੇ ਨੂੰ ਦਰਸਾਉਂਦਾ ਹੈ, ਜੋ ਹਰ ਹਾਲਾਤ ਵਿਚ ਏਕਤਾ ਨਾਲ ਜੁੜੇ ਰਹਿਣ ਅਤੇ ਉਸ ਨੂੰ ਆਪਣੇ ਜੀਵਨ ਰਾਹੀਂ ਪ੍ਰਗਟ ਕਰਨ ਦੀ ਪ੍ਰੇਰਣਾ ਦਿੰਦਾ ਹੈ। (੭)

ਕਰੈ ਗਜਿੰਦੁ ਸੁੰਡ ਕੀ ਚੋਟ ॥

ਹਾਥੀ ਆਪਣੀ ਸੁੰਡ ਨਾਲ ਵਾਰ ਕਰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਪ੍ਰਬਲ ਹਉਮੈ ਕਿਵੇਂ ਮਨ ਉੱਤੇ ਹਾਵੀ ਹੋ ਕੇ ਉਸ ਨੂੰ ਵਿਨਾਸ਼ ਦੇ ਕੰਢੇ ਲੈ ਜਾ ਸਕਦੀ ਹੈ।

ਨਾਮਾ ਉਬਰੈ ਹਰਿ ਕੀ ਓਟ ॥੮॥

ਨਾਮਦੇਵ ਆਖਦੇ ਹਨ ਕਿ ਉਹ ਸਰਬ-ਵਿਆਪਕ ਚੇਤਨਾ ਦੇ ਸਹਾਰੇ ਸਦਕਾ ਜਾਗ੍ਰਿਤ ਹੋ ਗਏ ਹਨ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਇਕਾਗਰਤਾ ਬਿਬੇਕ ਉਪਰ ਟਿਕ ਜਾਵੇ ਤਾਂ ਅੰਤਰੀਵ ਅੰਦਰ ਸੁਰੱਖਿਆ ਅਤੇ ਸਥਿਰਤਾ ਦਾ ਅਨੁਭਵ ਹੁੰਦਾ ਹੈ। (੮)

ਕਾਜੀ ਮੁਲਾਂ ਕਰਹਿ ਸਲਾਮੁ ॥

ਕਾਜ਼ੀ ਅਤੇ ਮੁੱਲਾ ਸਿਰ ਨਿਵਾ ਕੇ ਪ੍ਰਣਾਮ ਕਰਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਇਹ ਨਮਸਕਾਰ ਸੱਚੇ ਸਤਿਕਾਰ ਦਾ ਨਹੀਂ, ਸਗੋਂ ਸਤਾ ਦੇ ਡਰ ਕਾਰਨ ਪੈਦਾ ਹੋਈ ਆਗਿਆਕਾਰੀ ਦਾ ਪ੍ਰਤੀਕ ਹੈ।

ਇਨਿ ਹਿੰਦੂ ਮੇਰਾ ਮਲਿਆ ਮਾਨੁ ॥੯॥

ਸਿੰਧ ਖੇਤਰ ਦੇ ਸਭਿਆਚਾਰ ਨਾਲ ਸੰਬੰਧਿਤ ਇਸ ਵਿਅਕਤੀ ਨੇ ਮੇਰਾ ਅਹੰਕਾਰ ਤੋੜ ਦਿੱਤਾ ਹੈ। ਇਹ ਭਾਵ ਉਸ ਉੱਤਮਤਾ ਦੀ ਭਾਵਨਾ ਵੱਲ ਸੰਕੇਤ ਕਰਦਾ ਹੈ, ਜੋ ਇਸ ਝੂਠੇ ਵਿਸ਼ਵਾਸ ਤੋਂ ਜਨਮ ਲੈਂਦੀ ਹੈ ਕਿ ਆਪਣਾ ਜੀਵਨ-ਢੰਗ ਹੀ ਦੂਜਿਆਂ ਨਾਲੋਂ ਉੱਤਮ ਹੈ। (੯)

ਬਾਦਿਸਾਹ ਬੇਨਤੀ ਸੁਨੇਹੁ ॥

ਰਾਜੇ ਨੂੰ ਬੇਨਤੀ ਉੱਤੇ ਵਿਚਾਰ ਕਰਨ ਲਈ ਕਿਹਾ ਜਾਂਦਾ ਹੈ। ਇਹ ਭਾਵ ਉਸ ਦਇਆ ਨੂੰ ਦਰਸਾਉਂਦਾ ਹੈ, ਜੋ ਪ੍ਰਚੰਡ ਕ੍ਰੋਧ ਨੂੰ ਰਹਿਮ ਵਿਚ ਰੁਪਾਂਤ੍ਰਿਤ ਕਰਨ ਦਾ ਯਤਨ ਕਰਦੀ ਹੈ।

ਨਾਮੇ ਸਰ ਭਰਿ ਸੋਨਾ ਲੇਹੁ ॥੧੦॥

ਨਾਮਦੇਵ ਦੇ ਭਾਰ ਦੇ ਬਰਾਬਰ ਸੋਨਾ ਲੈ ਲਵੋ। ਇਹ ਭਾਵ ਧਨ-ਦੌਲਤ ਦੀ ਭਰਮਮਈ ਤਾਕਤ ਨੂੰ ਤਿਆਗ ਕੇ ਬਿਬੇਕ ਦੀ ਸਦੀਵੀ ਸ਼ਕਤੀ ਨੂੰ ਪ੍ਰਾਪਤ ਕਰਨ ਵੱਲ ਸੰਕੇਤ ਕਰਦਾ ਹੈ। (੧੦)

ਮਾਲੁ ਲੇਉ ਤਉ ਦੋਜਕਿ ਪਰਉ ॥

ਤੇਰੇ ਕੋਲੋਂ ਇਹ ਧਨ ਲੈ ਕੇ ਮੈਂ ਜੀਉਂਦੇ ਜੀ ਨਰਕ ਵਿਚ ਡਿੱਗ ਪਵਾਂਗਾ। ਇਹ ਭਾਵ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਦਿਆਨਤਦਾਰੀ ਅਤੇ ਬਿਬੇਕ ਨੂੰ ਛੱਡ ਕੇ ਪਦਾਰਥਿਕ ਲਾਭਾਂ ਦੇ ਪਿੱਛੇ ਭੱਜਣ ਨਾਲ ਮਨੁੱਖ ਆਪਣੇ ਹੀ ਮਨ ਵਿਚ ਪੀੜਾ, ਬੇਚੈਨੀ ਅਤੇ ਦੁੱਖ ਦਾ ਜੀਵਨ ਸਹੇੜ ਲੈਂਦਾ ਹੈ।

ਦੀਨੁ ਛੋਡਿ ਦੁਨੀਆ ਕਉ ਭਰਉ ॥੧੧॥

ਮੈਂ ਸੰਸਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੇ ਧਰਮ ਨੂੰ ਤਿਆਗ ਦਿਆਂਗਾ। ਇਹ ਭਾਵ ਉਸ ਭਰਮ ਵੱਲ ਸੰਕੇਤ ਕਰਦਾ ਹੈ, ਜਿਸ ਵਿਚ ਇਹ ਸਮਝਿਆ ਜਾਂਦਾ ਹੈ ਕਿ ਧਾਰਮਿਕ ਕਰਮਕਾਂਡੀ ਰਸਮਾਂ ਨੂੰ ਤਿਆਗਣਾ, ਮਾਨਵਤਾ ਦੇ ਭਲੇ ਹਿੱਤ ਰਲਮਿਲ ਕਾਰਜ਼ ਕਰਨ ਨਾਲੋਂ ਵੱਡਾ ਗੁਨਾਹ ਹੈ। (੧੧)

ਪਾਵਹੁ ਬੇੜੀ ਹਾਥਹੁ ਤਾਲ ॥

ਪੈਰਾਂ ਵਿਚ ਬੇੜੀਆਂ ਪਾਈਆਂ ਹੋਣ ਦੇ ਬਾਵਜੂਦ ਉਹ ਤਾੜੀਆਂ ਵਜਾਉਂਦਾ ਹੈ। ਇਹ ਭਾਵ ਉਸ ਅਟੁੱਟ ਆਤਮ-ਬਲ ਨੂੰ ਦਰਸਾਉਂਦਾ ਹੈ, ਜੋ ਬੇ-ਇੱਜ਼ਤੀ ਜਾਂ ਸਰੀਰਕ ਬੰਧਨਾਂ ਨਾਲ ਨਹੀਂ ਟੁੱਟਦਾ, ਸਗੋਂ ਅੰਤਰੀਵੀ ਮੁਕਤੀ ਦਾ ਜਸ਼ਨ ਮਨਾਉਂਦਾ ਹੈ, ਜਿਸਨੂੰ ਦਬਾਇਆ ਨਹੀਂ ਜਾ ਸਕਦਾ ਹੈ।

ਨਾਮਾ ਗਾਵੈ ਗੁਨ ਗੋਪਾਲ ॥੧੨॥

ਨਾਮਦੇਵ ਆਖਦੇ ਹਨ ਕਿ ਉਹ ਸਰਬ-ਵਿਆਪਕ ਸਤਾ ਦੇ ਗੁਣਾਂ ਦਾ ਪ੍ਰਗਟਾਵਾ ਕਰਦੇ ਹਨ। ਇਹ ਭਾਵ ਉਸ ਅਟੁੱਟ ਨਾਦ ਨਾਲ ਬਣੀ ਇਕਸੁਰਤਾ ਦਾ ਪ੍ਰਤੀਕ ਹੈ, ਜੋ ਬਾਹਰੀ ਹਾਲਾਤਾਂ ਉੱਪਰ ਨਿਰਭਰ ਨਹੀਂ ਕਰਦੀ। (੧੨)

ਗੰਗ ਜਮੁਨ ਜਉ ਉਲਟੀ ਬਹੈ ॥

ਭਾਵੇਂ ਗੰਗਾ ਅਤੇ ਜਮੁਨਾ ਨਦੀਆਂ ਦਾ ਵੈਹਣ ਉਲਟਾ ਹੋ ਜਾਵੇ। ਇਹ ਭਾਵ ਸਾਧਕ ਦੇ ਉਸ ਅਟੱਲ ਦ੍ਰਿੜ੍ਹ ਨਿਸ਼ਚੇ ਦਾ ਪ੍ਰਤੀਕ ਹੈ ਜੋ ਬਦਲਦੇ ਹਲਾਤਾਂ ਵਿਚ ਅਡੋਲ ਰਹਿੰਦਾ ਹੈ।

ਤਉ ਨਾਮਾ ਹਰਿ ਕਰਤਾ ਰਹੈ ॥੧੩॥

ਫਿਰ ਵੀ ਨਾਮਦੇਵ ਆਖਦੇ ਹਨ ਕਿ ਉਹ ਸਰਬ-ਵਿਆਪਕ ਏਕਮ ਸਤਾ ਵਿਚ ਲੀਨ ਰਹਿਣਗੇ। ਇਹ ਭਾਵ ਉਸ ਅਡੋਲ ਇਕਾਗਰਤਾ ਵੱਲ ਸੰਕੇਤ ਕਰਦਾ ਹੈ, ਜੋ ਦੁਨਿਆਵੀ ਖਿੱਚਾਂ ਦੇ ਬਾਵਜੂਦ ਬ੍ਰਹਿਮੰਡੀ ਹੁਕਮ ਵਿਚ ਸਥਿਰ ਰਹਿੰਦੀ ਹੈ। (੧੩)

ਸਾਤ ਘੜੀ ਜਬ ਬੀਤੀ ਸੁਣੀ ॥

ਸੁਣਦਿਆਂ-ਸੁਣਦਿਆਂ ਬਹੁਤ ਲੰਮਾ ਸਮਾਂ ਬੀਤ ਗਿਆ। ਇਹ ਭਾਵ ਸਮੇਂ ਦੀ ਉਸ ਬਰਬਾਦੀ ਨੂੰ ਦਰਸਾਉਂਦਾ ਹੈ ਜਿਸ ਵਿਚ ਏਕਤਾ ਦੀ ਗੱਲ ਤਾਂ ਕੀਤੀ ਜਾਂਦੀ ਹੈ, ਪਰ ਇਸ ਨੂੰ ਵਿਵਹਾਰ ਰਾਹੀਂ ਪ੍ਰਗਟ ਨਹੀਂ ਕੀਤਾ ਜਾਂਦਾ।

ਅਜਹੁ ਨ ਆਇਓ ਤ੍ਰਿਭਵਣ ਧਣੀ ॥੧੪॥

ਫਿਰ ਵੀ ਸਰਬ-ਵਿਆਪਕ ਚੇਤਨਾ ਦੀ ਪ੍ਰਾਪਤੀ ਨਹੀਂ ਹੋਈ। ਇਹ ਭਾਵ ਉਸ ਨਿਰਾਸ਼ਾ ਨੂੰ ਦਰਸਾਉਂਦਾ ਹੈ, ਜਿਸ ਵਿਚ ਧਾਰਮਿਕ ਰਸਮਾਂ ਅਤੇ ਸਮਾਜਿਕ ਬੰਧਨਾਂ ਵਿਚ ਲੰਮਾ ਸਮਾਂ ਬਿਤਾਉਣ ਦੇ ਬਾਵਜੂਦ ਵੀ ਮਨੁੱਖ ਜੀਵਨ ਦੇ ਤੱਤਸਾਰ ਨੂੰ ਸਮਝਣ ਤੋਂ ਵਾਂਝਾ ਰਹਿ ਜਾਂਦਾ ਹੈ। (੧੪)

ਪਾਖੰਤਣ ਬਾਜ ਬਜਾਇਲਾ ॥

ਇਕ ਪੰਛੀ ਦੇ ਖੰਭਾਂ ਦੀ ਫੜਫੜਾਹਟ ਦੀ ਆਵਾਜ਼ ਸੁਣਾਈ ਦਿੱਤੀ। ਇਹ ਭਾਵ ਆਤਮ-ਚਿੰਤਨ ਦੇ ਉਹਨਾਂ ਸੂਖਮ ਪਲਾਂ ਵੱਲ ਸੰਕੇਤ ਕਰਦਾ ਹੈ, ਜੋ ਮਨੁੱਖ ਨੂੰ ਰੁਪਾਂਤ੍ਰਣ ਵੱਲ ਪ੍ਰੇਰਿਤ ਕਰਦੇ ਹਨ।

ਗਰੁੜ ਚੜ੍ਹੇ ਗੋਬਿੰਦ ਆਇਲਾ ॥੧੫॥

ਸਰਬ-ਵਿਆਪਕ ਪਾਲਣਹਾਰ ਸਤਾ ਗਰੁੜ ਪੰਛੀ ਉੱਤੇ ਸਵਾਰ ਹੋ ਕੇ ਆ ਪਹੁੰਚੀ। ਗਰੁੜ ਦਾ ਇਹ ਮਿਥਹਾਸਿਕ ਦ੍ਰਿਸ਼ਟਾਂਤ ਉਸ ਅੰਤਰੀਵੀ ਸਪਸ਼ਟਤਾ ਦਾ ਪ੍ਰਤੀਕ ਹੈ, ਜੋ ਬਿਬੇਕ ਦਾ ਆਸਰਾ ਪ੍ਰਾਪਤ ਕਰਕੇ ਜਾਗਰੂਕਤਾ ਨੂੰ ਉੱਚਾ ਚੁੱਕਦੀ ਹੈ। (੧੫)

ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥

ਆਤਮ-ਚਿੰਤਨ ਰੂਪੀ ਭਗਤੀ ਪਾਲਣਾ ਕਰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਕ੍ਰਿਪਾ ਚਿੰਤਨ ਰਾਹੀਂ ਪ੍ਰਗਟ ਹੋਣ ਵਾਲੇ ਅੰਤਰੀਵੀ ਸਹਾਰੇ ਵਜੋਂ ਕਾਰਜ਼ ਕਰਦੀ ਹੈ।

ਗਰੁੜ ਚੜ੍ਹੇ ਆਏ ਗੋਪਾਲ ॥੧੬॥

ਸਰਬ-ਵਿਆਪਕ ਪਾਲਣਹਾਰ ਗਰੁੜ ਪੰਛੀ ਉੱਤੇ ਸਵਾਰ ਹੋ ਕੇ ਆ ਪਹੁੰਚਿਆ। ਇਹ ਭਾਵ ਜਾਗਰੂਕਤਾ ਦੀ ਪ੍ਰਾਪਤੀ ਨੂੰ ਦਰਸਾਉਂਦਾ ਹੈ, ਜੋ ਅੰਤਰ-ਆਤਮਾ ਨੂੰ ਉੱਚਾ ਚੁੱਕਦੀ ਹੈ ਅਤੇ ਉਸ ਵਿਚ ਸਥਿਰਤਾ ਨੂੰ ਵਿਕਸਿਤ ਕਰਦੀ ਹੈ। (੧੬)

ਕਹਹਿ ਤ ਧਰਣਿ ਇਕੋਡੀ ਕਰਉ ॥

ਜੇ ਤੂੰ ਆਖੇਂ, ਤਾਂ ਇਹ ਧਰਤੀ ਨੂੰ ਵੀ ਇਕ ਪਾਸੇ ਝੁਕਾ ਦੇਵੇ। ਇਹ ਭਾਵ ਦਰਸਾਉਂਦਾ ਹੈ ਕਿ ਜਾਗਰੂਕ ਅੰਤਰ-ਆਤਮਾ ਸਾਡੀਆਂ ਧਾਰਨਾਵਾਂ ਨੂੰ ਰੁਪਾਂਤ੍ਰਿਤ ਕਰਨ ਦੀ ਸਮਰੱਥਾ ਰੱਖਦੀ ਹੈ।

ਕਹਹਿ ਤ ਲੇ ਕਰਿ ਊਪਰਿ ਧਰਉ ॥੧੭॥

ਜੇ ਤੂੰ ਆਖੇਂ, ਤਾਂ ਮੈਂ ਇਸ ਨੂੰ ਉਲਟਾ ਵੀ ਕਰ ਦਿਆਂ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਜਦੋਂ ਹੋਂਦ ਦੇ ਤੱਤਸਾਰ ਨੂੰ ਸਮਝਿਆ ਜਾਂਦਾ ਹੈ, ਤਾਂ ਅਸਲ ਸ਼ਕਤੀ ਦੀ ਸੂਝ ਬਦਲ ਸਕਦੀ ਹੈ। (੧੭)

ਕਹਹਿ ਤ ਮੁਈ ਗਊ ਦੇਉ ਜੀਆਇ ॥

ਜੇ ਤੂੰ ਆਖੇਂ, ਤਾਂ ਮਰੀ ਹੋਈ ਗਾਂ ਵੀ ਜੀਉਂਦੀ ਹੋ ਜਾਵੇ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਹਉਮੈ ਤੋਂ ਉਪਜੇ ਨਕਾਰਾਤਮਕ ਭਾਵ, ਜੋ ਅਟੱਲ ਜਾਪਦੇ ਹਨ, ਸਵੈ-ਚਿੰਤਨ ਰਾਹੀਂ ਰੁਪਾਂਤ੍ਰਿਤ ਹੋ ਸਕਾਰਾਤਮਕ ਗੁਣਾਂ ਵਿਚ ਪਰਵਰਤਿਤ ਹੋ ਸਕਦੇ ਹਨ।

ਸਭੁ ਕੋਈ ਦੇਖੈ ਪਤੀਆਇ ॥੧੮॥

ਜੋ ਕੋਈ ਇਸ ਨੂੰ ਵੇਖਦਾ ਹੈ, ਉਸ ਦੇ ਅੰਦਰ ਨਿਸ਼ਚਾ ਪੈਦਾ ਹੋ ਜਾਂਦਾ ਹੈ। ਇਹ ਸਰਬਵਿਆਪਕਤਾ ਦੀ ਉਸ ਅਨੁਭੂਤੀ ਦਾ ਪ੍ਰਤੀਕ ਹੈ, ਜੋ ਸੰਦੇਹ ਨੂੰ ਦੂਰ ਕਰਕੇ ਅੰਤਰੀਵੀ ਵਿਸ਼ਵਾਸ ਨੂੰ ਦ੍ਰਿੜ੍ਹ ਕਰਦੀ ਹੈ। (੧੮)

ਨਾਮਾ ਪ੍ਰਣਵੈ ਸੇਲ ਮਸੇਲ ॥

ਨਾਮਦੇਵ ਨਿਮਰਤਾ ਨਾਲ ਆਖਦੇ ਹਨ ਕਿ ਗਾਂ ਦੀਆਂ ਲੱਤਾਂ ਇਕੱਠੀਆਂ ਬੰਨ੍ਹੀਆਂ ਹੋਈਆਂ ਹਨ। ਇਹ ਭਾਵ ਰੂੜ੍ਹੀਵਾਦੀ ਮਨੋਬਿਰਤੀ ਨਾਲ ਬੁਰੀ ਤਰ੍ਹਾਂ ਜਕੜੇ ਹੋਏ ਅੰਤਹਕਰਣ ਦਾ ਪ੍ਰਤੀਕ ਹੈ।

ਗਊ ਦੁਹਾਈ ਬਛਰਾ ਮੇਲਿ ॥੧੯॥

ਗਾਂ ਆਪਣੇ ਵੱਛੇ ਨਾਲ ਮਿਲਾਪ ਲਈ ਵਿਰਲਾਪ ਕਰ ਰਹੀ ਹੈ। ਇਹ ਭਾਵ ਸਾਡੀ ਸਾਂਝੀ ਹੋਂਦ ਨੂੰ ਪਰਿਭਾਸ਼ਿਤ ਕਰਨ ਵਾਲੇ ਵਿਸ਼ਵਵਿਆਪੀ ਬੰਧਨਾਂ ਨਾਲ ਦੁਬਾਰਾ ਜੁੜਨ ਲਈ ਏਕਤਾ ਦੀ ਤਾਂਘ ਦਾ ਪ੍ਰਤੀਕ ਹੈ। (੧੯)

ਦੂਧਹਿ ਦੁਹਿ ਜਬ ਮਟੁਕੀ ਭਰੀ ॥

ਜਦੋਂ ਦੁੱਧ ਚੋ ਕੇ ਘੜਾ ਭਰਿਆ ਗਿਆ। ਇਹ ਭਾਵ ਮੁੱਖ ਤੌਰ 'ਤੇ ਹਉਮੈ 'ਤੇ ਕਾਬੂ ਪਾਉਣ ਲਈ ਗਿਆਨ ਇਕੱਤਰ ਕਰਨ ਦੀ ਕਿਰਿਆ ਨੂੰ ਦਰਸਾਉਂਦਾ ਹੈ।

ਲੈ ਬਾਦਿਸਾਹ ਕੇ ਆਗੇ ਧਰੀ ॥੨੦॥

ਉਸ ਨੂੰ ਚੁੱਕ ਕੇ ਰਾਜੇ ਦੇ ਅੱਗੇ ਰੱਖ ਦਿੱਤਾ ਗਿਆ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਗਿਆਨ ਨੂੰ ਹਉਮੈ-ਕੇਂਦਰਿਤ ਮਨੋਬਿਰਤੀ ਦੇ ਸਾਹਮਣੇ ਇਸ ਉਦੇਸ਼ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਉਹ ਸੱਚੇ ਬਿਬੇਕ ਦੀ ਧਾਰਨੀ ਹੋ ਸਕੇ। (੨੦)

ਬਾਦਿਸਾਹੁ ਮਹਲ ਮਹਿ ਜਾਇ ॥

ਸੁਲਤਾਨ ਆਪਣੇ ਮਹਲ ਵਿਚ ਵਾਪਸ ਚਲਾ ਗਿਆ। ਇਹ ਭਾਵ ਹਉਮੈ ਤੋਂ ਪਿੱਛੇ ਹਟ ਕੇ ਕੀਮਤੀ ਸੂਝ ਉੱਤੇ ਚਿੰਤਨ ਕਰਨ ਅਤੇ ਉਸ ਨੂੰ ਆਪਣੇ ਅੰਦਰ ਸਮਾਉਣ ਵਾਲੇ ਅੰਤਹਕਰਣ ਦਾ ਪ੍ਰਤੀਕ ਹੈ।

ਅਉਘਟ ਕੀ ਘਟ ਲਾਗੀ ਆਇ ॥੨੧॥

ਉਸ ਉੱਤੇ ਇਕ ਬੇਚੈਨ ਕਰ ਦੇਣ ਵਾਲੀ ਅੰਤਰੀਵੀ ਸੂਝ ਦਾ ਪਲ ਆਇਆ। ਇਹ ਭਾਵ ਉਸ ਅੰਤਰੀਵੀ ਸੰਕਟ ਦਾ ਪ੍ਰਤੀਕ ਹੈ, ਜੋ ਅੰਤਹਕਰਣ ਉਸ ਵੇਲੇ ਮਹਿਸੂਸ ਕਰਦਾ ਹੈ ਜਦੋਂ ਉਸ ਨੂੰ ਹਉਮੈ-ਪ੍ਰੇਰਿਤ ਮਨੋਬਿਰਤੀ ਕਾਰਨ, ਅਗਿਆਨਤਾ ਦਾ ਸਾਹਮਣਾ ਕਰਨ ਦਾ ਅਹਿਸਾਸ ਹੁੰਦਾ ਹੈ। (੨੧)

ਕਾਜੀ ਮੁਲਾਂ ਬਿਨਤੀ ਫੁਰਮਾਇ ॥

ਕਾਜ਼ੀ ਅਤੇ ਮੁੱਲਾਂ ਰਾਹੀਂ ਉਸ ਨੇ ਅਰਜ਼ੋਈ ਅਤੇ ਹੁਕਮ ਕੀਤਾ। ਇਹ ਭਾਵ ਉਸ ਮਨੋਬਿਰਤੀ ਦਾ ਪ੍ਰਤੀਕ ਹੈ, ਜੋ ਆਪਣੇ ਲੰਬੇ ਸਮੇਂ ਤੋਂ ਧਾਰਨ ਕੀਤੇ ਵਿਸ਼ਵਾਸਾਂ ਤੋਂ ਉੱਪਰ ਉੱਠ ਕੇ ਸੱਚੀ ਸਦਭਾਵਨਾ ਨੂੰ ਅਪਣਾਉਣ ਵੱਲ ਵਿਕਸਿਤ ਹੋ ਰਹੀ ਹੈ।

ਬਖਸੀ ਹਿੰਦੂ ਮੈ ਤੇਰੀ ਗਾਇ ॥੨੨॥

ਹੇ ਸਿੰਧ ਖੇਤਰ ਦੇ ਸਭਿਆਚਾਰ ਨਾਲ ਸੰਬੰਧ ਰੱਖਣ ਵਾਲੇ ਲੋਕੋ, ਮੈਂ ਤੁਹਾਡੀ ਗਾਂ ਨੂੰ ਛੱਡ ਦਿੱਤਾ ਹੈ। ਇਹ ਭਾਵ ਇਕ ਜਾਗ੍ਰਿਤ ਅੰਤਰ-ਆਤਮਾ ਵੱਲ ਇਸ਼ਾਰਾ ਕਰਦਾ ਹੈ ਜੋ ਰੂਹਾਨੀ ਆਜ਼ਾਦੀ ਪ੍ਰਾਪਤ ਕਰਨ ਅਤੇ ਏਕਤਾ ਨੂੰ ਧਾਰਨ ਕਰਨ ਲਈ ਆਪਣੀ ਅਗਿਆਨਤਾ ਨੂੰ ਛੱਡ ਦਿੰਦੀ ਹੈ। (੨੨)

ਨਾਮਾ ਕਹੈ ਸੁਨਹੁ ਬਾਦਿਸਾਹ ॥

ਨਾਮਦੇਵ ਕਹਿੰਦੇ ਹਨ: "ਸੁਣੋ, ਹੇ ਬਾਦਸ਼ਾਹ।" ਇਹ ਭਾਵ ਅਗਿਆਨੀ ਮਨ ਨੂੰ ਹਿਦਾਇਤ ਦੇਣ ਵਾਲੇ ਬਿਬੇਕ ਨੂੰ ਦਰਸਾਉਂਦਾ ਹੈ।

ਇਹੁ ਕਿਛੁ ਪਤੀਆ ਮੁਝੈ ਦਿਖਾਇ ॥੨੩॥

ਸੂਝ ਰਾਹੀਂ ਮੇਰੇ ਲਈ ਸਾਰੇ ਪੱਖ ਪ੍ਰਗਟ ਹੋ ਗਏ ਹਨ। ਇਹ ਭਾਵ ਸੱਚ ਦੀ ਸਿੱਧੀ ਪਰਖ ਅਤੇ ਅਨੁਭਵ ਦਾ ਪ੍ਰਤੀਕ ਹੈ, ਜੋ ਕਿਸੇ ਬਾਹਰੀ ਸਤਾ ਜਾਂ ਸੁਣੇ-ਸੁਣਾਏ ਵਿਚਾਰ ਉਪਰ ਅਧਾਰਿਤ ਨਹੀਂ ਹੁੰਦਾ। (੨੩)

ਇਸ ਪਤੀਆ ਕਾ ਇਹੈ ਪਰਵਾਨੁ ॥

ਇਨ੍ਹਾਂ ਸਾਰੇ ਪੱਖਾਂ ਦਾ ਪ੍ਰਮਾਣ ਕੇਵਲ ਗੁਣਾਂ ਨੂੰ ਅਪਣਾਉਣ ਵਿਚ ਹੀ ਨਿਹਿਤ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅਸਲ ਅੰਤਰੀਵੀ ਸੂਝ ਦੀ ਸਮਝ ਥੋਥੀ ਜਾਣਕਾਰੀ ਵਿਚ ਨਹੀਂ, ਸਗੋਂ ਨੈਤਿਕਤਾ ਕੇਂਦਰਿਤ ਹੁੰਦੀ ਹੈ।

ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥

ਹੇ ਸੁਲਤਾਨ! ਸੱਚ ਅਤੇ ਨਿਮਰਤਾ ਦੇ ਮਾਰਗ ਉੱਤੇ ਚੱਲੋ। ਇਹ ਭਾਵ ਅਰਥ-ਭਰਪੂਰ ਜੀਵਨ ਦਾ ਪ੍ਰਤੀਕ ਹੈ, ਜੋ ਵਿਸ਼ਵਵਿਆਪੀ ਕਦਰਾਂ-ਕੀਮਤਾਂ ਨਾਲ ਇਕਸੁਰ ਹੋਣ ਦੀ ਸੂਝ ਪ੍ਰਦਾਨ ਕਰਦਾ ਹੈ। (੨੪)

ਨਾਮਦੇਉ ਸਭ ਰਹਿਆ ਸਮਾਇ ॥

ਨਾਮਦੇਵ ਆਖਦੇ ਹਨ ਕਿ ਉਹ ਉਸੇ ਚੇਤਨਾ ਦਾ ਅੰਗ ਹਨ ਜੋ ਸਭ ਵਿਚ ਵਿਆਪਕ ਹੈ। ਇਹ ਅਦਵੈਤ ਦੀ ਉਸ ਅਨੁਭੂਤੀ ਦਾ ਪ੍ਰਤੀਕ ਹੈ, ਜਿਸ ਵਿਚ ਵੱਖਰੇ 'ਮੈਂ' ਦਾ ਭਾਵ ਪੂਰੀ ਤਰ੍ਹਾਂ ਲੀਨ ਹੋ ਜਾਂਦਾ ਹੈ।

ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥੨੫॥

ਸਿੰਧ ਖੇਤਰ ਦੇ ਲੋਕ ਨਾਮਦੇਵ ਕੋਲ ਆਉਂਦੇ ਹਨ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਦਿਆਨਤਦਾਰੀ ਵਾਲੇ ਜਨਾਂ ਨੂੰ ਅਕਸਰ ਅਸੁਰੱਖਿਅਤ ਲੋਕਾਂ ਦੁਆਰਾ ਚੁਣੌਤੀ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਦ੍ਰਿੜ ਰਹਿਣ ਲਈ ਅੰਤਰੀਵੀ ਸਪੱਸ਼ਟਤਾ ਦੀ ਲੋੜ ਹੁੰਦੀ ਹੈ। (੨੫)

ਜਉ ਅਬ ਕੀ ਬਾਰ ਨ ਜੀਵੈ ਗਾਇ ॥

ਮੰਨ ਲਵੋ ਜੇ ਇਸ ਵਾਰ ਗਾਂ ਜੀਉਂਦੀ ਨਾ ਹੋਵੇ। ਇਹ ਭਾਵ ਉਸ ਮਨੋਬਿਰਤੀ ਦਾ ਪ੍ਰਤੀਕ ਹੈ, ਜੋ ਅਜੇ ਵੀ ਅਸਥਿਰਤਾ ਵਿਚ ਫਸੀ ਹੋਈ ਹੈ ਅਤੇ ਸੱਚ ਦੀ ਪੁਸ਼ਟੀ ਲਈ ਭਰੋਸੇ ਦੀ ਭਾਲ ਕਰ ਰਹੀ ਹੈ।

ਤ ਨਾਮਦੇਵ ਕਾ ਪਤੀਆ ਜਾਇ ॥੨੬॥

ਤਾਂ ਨਾਮਦੇਵ ਦੀ ਪਤ ਰੁਲ ਜਾਵੇਗੀ, ਅਤੇ ਉਸਦਾ ਇਤਬਾਰ ਜਾਂਦਾ ਰਹੇਗਾ। ਇਹ ਭਾਵ ਉਸ ਕੋਮਲ ਮਨੋਬਿਰਤੀ ਦਾ ਪ੍ਰਤੀਕ ਹੈ, ਜੋ ਅਜੇ ਵੀ ਬਾਹਰੀ ਸਿੱਟਿਆਂ ਅਤੇ ਸਮਾਜਿਕ ਮਾਨ ਮਰਿਯਾਦਾ ਨਾਲ ਜੁੜੀ ਹੋਈ ਹੈ। (੨੬)

ਨਾਮੇ ਕੀ ਕੀਰਤਿ ਰਹੀ ਸੰਸਾਰਿ ॥

ਨਾਮਦੇਵ ਦੀ ਉੱਤਮ ਕੀਰਤੀ ਸੰਸਾਰ ਉੱਤੇ ਨਿਰੰਤਰ ਪ੍ਰਭਾਵ ਪਾਉਂਦੀ ਰਹੀ। ਇਹ ਭਾਵ ਸਦਗੁਣਾਂ ਅਤੇ ਧਰਮਮਈ ਜੀਵਨ ਦੀ ਉਸ ਸਦੀਵੀ ਵਿਰਾਸਤ ਦਾ ਪ੍ਰਤੀਕ ਹੈ, ਜੋ ਸਦਾ ਪ੍ਰੇਰਣਾਦਾਇਕ ਬਣੀ ਰਹਿੰਦੀ ਹੈ।

ਭਗਤ ਜਨਾਂ ਲੇ ਉਧਰਿਆ ਪਾਰਿ ॥੨੭॥

ਭਗਤੀ-ਭਾਵ ਵਾਲੇ ਵਿਅਕਤੀ ਉੱਚੇ ਉੱਠਦੇ ਹਨ ਅਤੇ ਸੰਸਾਰਕ ਬੰਧਨਾਂ ਤੋਂ ਪਾਰ ਹੋ ਜਾਂਦੇ ਹਨ। ਇਹ ਰੁਪਾਂਤ੍ਰਣ ਉਸ ਮਨੋਬਿਰਤੀ ਦਾ ਪ੍ਰਤੀਕ ਹੈ, ਜੋ ਕਠੋਰ ਰੂੜ੍ਹੀਵਾਦ ਤੋਂ ਮੁਕਤ ਹੋ ਕੇ ਅੰਤਰੀਵੀ ਵਿਗਾਸ ਨੂੰ ਉਤਸ਼ਾਹਿਤ ਕਰਦੀ ਹੈ। (੨੭)

ਸਗਲ ਕਲੇਸ ਨਿੰਦਕ ਭਇਆ ਖੇਦੁ ॥

ਸਾਰੀ ਬੇਸੁਰਤੀ ਅਤੇ ਨਿੰਦਿਆ ਲਈ ਨਿੰਦਕ ਪਛਤਾਵਾ ਕਰਨ ਲੱਗੇ। ਇਹ ਭਾਵ ਸਵੈ-ਚਿੰਤਨ ਦਾ ਪ੍ਰਤੀਕ ਹੈ, ਜਿਥੇ ਨਕਾਰਤਾਮਕਤਾ ਦੂਰ ਹੋ ਜਾਂਦੀ ਅਤੇ ਨਿਰਣਾਮਈ ਮਨੋਬਿਰਤੀ ਸ਼ਾਂਤ ਹੋ ਜਾਂਦੀ ਹੈ।

ਨਾਮੇ ਨਾਰਾਇਨ ਨਾਹੀ ਭੇਦੁ ॥੨੮॥੧॥੧੦॥

ਨਾਮਦੇਵ ਅਤੇ ਸਰਬਵਿਆਪਕ ਸਤਾ ਵਿਚ ਕੋਈ ਭੇਦ ਨਹੀਂ ਹੈ। ਇਹ ਉਸ ਪਰਮ ਏਕਮਤਾ ਦਾ ਐਲਾਨ ਹੈ, ਜਿਸ ਵਿਚ ਸਾਧਕ ਨੂੰ ਇਹ ਪਰਮ ਅਨੁਭਵ ਹੋ ਜਾਂਦਾ ਹੈ ਕਿ ਸਾਧਕ ਅਤੇ ਮੂਲਸਤਾ ਦੋ ਨਹੀਂ, ਸਗੋਂ ਸਦਾ ਤੋਂ ਇਕ ਹੀ ਹਨ। (੨੮)(੧)(੧੦)

ਤੱਤ: ਭਗਤ ਨਾਮਦੇਵ ਇਸ ਤੱਥ ਉੱਤੇ ਜ਼ੋਰ ਦਿੰਦੇ ਹਨ ਕਿ ਸਦਗੁਣਾਂ ਅਤੇ ਧਰਮਮਈ ਜੀਵਨ ਦਾ ਸਦੀਵੀ ਪ੍ਰਭਾਵ ਇਸ ਤੱਥ ਵਿਚ ਨਹਿਤ ਹੈ ਕਿ ਉਹ ਮਨੁੱਖਤਾ ਨੂੰ ਕਠੋਰ ਧਾਰਨਾਵਾਂ ਤੋਂ ਉੱਪਰ ਚੁੱਕ ਕੇ ਗੰਭੀਰ ਸੂਝ ਵੱਲ ਪ੍ਰੇਰਿਤ ਕਰਦੇ ਹਨ। ਉਨ੍ਹਾਂ ਦਾ ਜੀਵਨ ਨਿਮਰਤਾ, ਬਿਬੇਕ ਅਤੇ ਵਿਅਕਤੀਗਤ ਵਿਕਾਸ ਲਈ ਪ੍ਰੇਰਣਾ ਬਣਦਾ ਹੈ ਅਤੇ ਇਹ ਦਰਸਾਉਂਦਾ ਹੈ ਕਿ ਅਸਲ ਰੁਪਾਂਤ੍ਰਣ ਤਦੋਂ ਹੀ ਸੰਭਵ ਹੁੰਦਾ ਹੈ ਜਦੋਂ ਸਿਧਾਂਤ ਹਉਮੈ ਨਾਲੋਂ ਵੱਧ ਮਹੱਤਵਪੂਰਨ ਬਣ ਜਾਂਦੇ ਹਨ ਅਤੇ ਬਿਬੇਕ ਵਿਚਾਰਧਾਰਕ ਜੜਤਾ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਅਜਿਹੇ ਜੀਵਨ ਹਉਮੈ ਦੁਆਰਾ ਸਿਰਜਤ ਰੂੜ੍ਹੀਆਂ ਨੂੰ ਚੁਣੌਤੀ ਦਿੰਦੇ ਹਨ ਅਤੇ ਸਮਾਨਤਾ, ਖੁੱਲ੍ਹੇਪਣ ਅਤੇ ਸੱਚ ਉੱਤੇ ਆਧਾਰਿਤ ਹੋਂਦ ਦੇ ਅਸਲ ਤੱਤਸਾਰ ਨੂੰ ਪ੍ਰਗਟ ਕਰਦੇ ਹਨ। ਅੰਤ ਵਿਚ, ਇਹ ਦ੍ਰਿਸ਼ਟੀ ਸਮੁੱਚੀ ਸ੍ਰਿਸ਼ਟੀ ਦੀ ਪਰਮ ਏਕਤਾ ਦੀ ਪੁਸ਼ਟੀ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

**ਵੈੱਬਸਾਈਟ: OnenessInDiversity.com**

**ਈਮੇਲ: onenessindiversityfoundation@gmail.com**